ExamOne®
A Quest Diagnostics Company

# ਅਰਜ਼ੀ ਦੇਣ ਵਾਲੇ ਲਈ ਬੀਮਾ ਹਦਾਇਤਾਂ

## ਪੈਰਾਮੈਡੀਕਲ ਮੁਆਇਨਾ ਕੀ ਹੈ?

ਪੈਰਾਮੈਡੀਕਲ ਮੁਆਇਨਾ, ਤੁਹਾਡੇ ਡਾਕਟਰੀ ਪਛੋਕੜ ਬਾਰੇ ਜਾਣਕਾਰੀ ਲੈਣ ਲਈ, ਤੁਹਾਡੇ ਨਾਲ ਇੱਕ ਵਿਅਕਤੀਗਤ ਇੰਟਰਵਿਊ ਹੈ। ਇਹ ਇੰਟਰਵਿਊ ਫ਼ੋਨ 'ਤੇ ਜਾਂ ਤੁਹਾਡੇ ਮੁਆਇਨੇ ਦੇ ਸਮੇਂ ਵਿਅਕਤੀਗਤ ਤੌਰ 'ਤੇ ਲਿਆ ਜਾ ਸਕਦਾ ਹੈ। ਬੀਮਾ ਕੰਪਨੀ ਇਹ ਜਾਣਕਾਰੀ ਨਾਲ ਤੁਹਾਡੀ ਮੌਜੂਦਾ ਸਹਿਤ ਦਾ ਵਿਆਪਕ ਮੁਲਾਂਕਣ ਕਰ ਸਕਦੀ ਹੈ। ਇਸ ਮੁਆਇਨੇ ਵਿਚ ਆਮ ਤੌਰ 'ਤੇ ਲੰਮਾਈ, ਵਜ਼ਨ, ਬਲੱਡ-ਪ੍ਰੈਸ਼ਰ ਅਤੇ ਨਬਜ਼ ਰਿਕਾਰਡ ਕਰਨਾ ਸ਼ਾਮਿਲ ਹੈ। ਇਸ ਮੁਆਇਨੇ ਵਿਚ, ਬੀਮਾ ਕੰਪਨੀ ਦੀਆਂ ਸੇਧਾਂ ਦੇ ਅਧਾਰ 'ਤੇ ਖ਼ੂਨ, ਪਿਸ਼ਾਬ, ਥੁੱਕ ਇਕੱਠਾ ਕਰਨਾ ਅਤੇ ਇਲੈਕਟ੍ਰੋਕਾਰਡੀਓਗ੍ਰਾਮ (EKG) ਵੀ ਸ਼ਾਮਿਲ ਹੋ ਸਕਦਾ ਹੈ।

## ਮੁਆਇਨੇ ਦਾ ਅਨੁਮਾਨਤ ਸਮਾਂ

- ☐ ਖ਼ੂਨ ਅਤੇ ਪਿਸ਼ਾਬ ਲੈਣ ਲਈ 10 ਤੋਂ 20 ਮਿੰਟ
- ☐ ਨੀਮ-ਡਾਕਟਰੀ ਮੁਆਇਨੇ ਲਈ ਖ਼ੂਨ ਅਤੇ ਪਿਸ਼ਾਬ ਲੈਣ ਲਈ 20 ਤੋਂ 30 ਮਿੰਟ
- ☐ ਪੈਰਾਮੈਡੀਕਲ ਮੁਆਇਨੇ ਲਈ ਖ਼ੂਨ ਅਤੇ ਪਿਸ਼ਾਬ ਲੈਣ ਅਤੇ EKG ਲਈ 30 ਤੋਂ 45 ਮਿੰਟ

## ਮੁਆਇਨਾ ਕਿੱਥੇ ਕੀਤਾ ਜਾਂਦਾ ਹੈ?

ExamOne ਪੇਸ਼ੇਵਰ ਇਹ ਮੁਆਇਨੇ ਕਰਦੇ ਹਨ, ਤੁਹਾਡੇ ਘਰ, ਕੰਮ ਵਾਲੀ ਥਾਂ ਜਾਂ ExamOne ਦੀ ਇੱਕ ਸਹੂਲਤ ਵਿੱਚ ਜਾਂ Quest Diagnostics ਥਾਂ 'ਤੇ।

## ਕੱਢੇ ਜਾਣ ਵਾਲੇ ਖ਼ੂਨ ਦਾ ਕੀ ਕੀਤਾ ਜਾਵੇਗਾ?

ਜੇ ਬੀਮਾ ਕੰਪਨੀ ਵਲੋਂ ਖ਼ੂਨ ਦਾ ਇੱਕ ਨਮੂਨਾ ਚਾਹੀਦਾ ਹੈ, ਤਾਂ ExamOne ਦਾ ਡਾਕਟਰੀ ਸਿਖਲਾਈ ਪ੍ਰਾਪਤ ਪੇਸ਼ੇਵਰ, ਇਹ ਖ਼ੂਨ ਲਏਗਾ। ਨਮੂਨਾ ਲੈਣ ਲਈ, ਸਿਰਫ਼ ਇੱਕ ਵਾਰੀ ਹੀ ਵਰਤੀ ਜਾਣ ਵਾਲੀ ਕਿਟਾਣੂਰਹਿਤ, ਸੁੱਟੀਆਂ ਜਾਣ ਵਾਲੀਆਂ ਸੂਈਆਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ ਅਤੇ ਹਮੇਸ਼ਾ ਵਿਨਾਇਲ ਦਸਤਾਨੇ ਪਾਏ ਹੋਏ ਹੁੰਦੇ ਹਨ।

## EKG ਕੀ ਹੈ?

ਜੇ ਬੀਮਾ ਕੰਪਨੀ ਨੂੰ, ਇੱਕ ਇਲੈਕਟ੍ਰੋਕਾਰਡੀਓਗ੍ਰਾਮ (EKG) ਚਾਹੀਦਾ ਹੈ, ਤਾਂ ਇਹ, ਮੁਆਇਨੇ ਦੇ ਸਮੇਂ 'ਤੇ ਕੀਤਾ ਜਾਏਗਾ। EKG ਦਿਲ ਦੀਆਂ ਇਲੈਕਟ੍ਰਿਕ ਤਰੰਗਾਂ ਨੂੰ ਰਿਕਾਰਡ ਕਰਦਾ ਹੈ। ਟੈਸਟਿੰਗ, ਆਮ ਤੌਰ 'ਤੇ 10 ਮਿੰਟ ਤੋਂ ਘੱਟ ਸਮੇਂ ਵਿਚ ਮੁਕੰਮਲ ਹੁੰਦੀ ਹੈ।

## ਮੁਆਇਨਾ ਮੁਕੰਮਲ ਹੋਣ ਤੇ ਕੀ ਹੋਵੇਗਾ?

ਪੈਰਾਮੈਡੀਕਲ ਮੁਆਇਨਾ ਅਤੇ ਕੋਈ ਹੋਰ ਜ਼ਰੂਰਤਾਂ, ਬੀਮਾ ਕੰਪਨੀ ਨੂੰ ਅੱਗੇ ਭੇਜੀਆਂ ਜਾਂਦੀਆਂ ਹਨ। ਮੁਆਇਨੇ ਦੌਰਾਨ ਹਾਸਲ ਕੀਤੇ ਨਮੂਨੇ ਸਾਡੀ ਲੈਬੋਰੇਟਰੀ ਜਾਂ ਕਿਸੇ ਹੋਰ ਨਾਮਜ਼ਦ ਲੈਬੋਰੇਟਰੀ ਵਿਚ ਭੇਜੇ ਜਾਂਦੇ ਹਨ ਅਤੇ ਮੁਲਾਂਕਣ ਲਈ ਨਤੀਜਿਆਂ ਨੂੰ ਬੀਮਾ ਕੰਪਨੀ ਨੂੰ ਭੇਜਿਆ ਜਾਂਦਾ ਹੈ। ExamOne ਪੇਸ਼ੇਵਰ, ਲੈਬੋਰੇਟਰੀ ਵਿੱਚ ਨਮੂਨੇ (ਨਮੂਨਿਆਂ) 'ਤੇ ਕੀਤੇ ਜਾਂਦੇ ਟੈਸਟਾਂ ਬਾਰੇ ਨਹੀ ਜਾਣਦੇ ਅਤੇ ਉਹਨਾਂ ਨੂੰ ਟੈਸਟ ਨਤੀਜੇ ਨਹੀ ਮਿਲਦੇ।

## ਅਰਜ਼ੀ ਦੇਣ ਵਾਲੇ ਵਿਅਕਤੀ ਲਈ ਹਦਾਇਤਾਂ:

ਸਟੀਕ ਜਾਣਕਾਰੀ ਹਾਸਲ ਕਰਨ ਲਈ, ਇਹ ਤਜਵੀਜ਼ ਕੀਤਾ ਜਾਂਦਾ ਹੈ ਕਿ ਤੁਸੀ:

- ਮੌਜੂਦਾ ਦਵਾਈਆਂ ਦੇ ਨਾਂ ਅਤੇ ਖ਼ੁਰਾਕਾਂ ਬਾਰੇ ਦੱਸੋ।
- ਪਿਛਲੇ 5 ਸਾਲਾਂ ਵਿਚ ਕਿਸੇ ਡਾੱਕਟਰਾਂ ਕੋਲ ਗਏ ਜਾਂ ਕਲਿਨਿਕਾਂ ਦੇ ਨਾਂ, ਪਤੇ ਅਤੇ ਫ਼ੋਨ ਨੰਬਰ ਉਪਲਬਧ ਰੱਖੋ।
- ਡਾਕਟਰੀ ਬਿਮਾਰੀਆਂ ਜਾਂ ਤਸ਼ਖੀਸ਼ਾਂ ਦੀ ਇੱਕ ਸੂਚੀ ਰੱਖੋ ਜਿਸ ਵਿੱਚ ਤਸ਼ਖੀਸ਼ ਦੀ ਤਾਰੀਖ਼, ਇਲਾਜ, ਇਲਾਜ ਦਾ ਨਤੀਜਾ, ਅਤੇ ਇਲਾਜ ਕਰਨ ਵਾਲੇ ਡਾਕਟਰ ਦੀ ਜਾਣਕਾਰੀ ਵੀ ਸ਼ਾਮਲ ਹੋਵੇ। ਡਾਕਟਰੀ ਬਿਮਾਰੀਆਂ ਜਾਂ ਤਸ਼ਖੀਸ਼ਾਂ ਦੀ ਇੱਕ ਸੂਚੀ ਰੱਖੋ ਜਿਸ ਵਿੱਚ ਤਸ਼ਖੀਸ਼ ਦੀ ਤਾਰੀਖ਼, ਇਲਾਜ, ਇਲਾਜ ਦਾ ਨਤੀਜਾ, ਅਤੇ ਇਲਾਜ ਕਰਨ ਵਾਲੇ ਡਾਕਟਰ ਦੀ ਜਾਣਕਾਰੀ ਵੀ ਸ਼ਾਮਲ ਹੋਵੇ।
- ਮੁਆਇਨੇ ਦੇ ਸਮੇਂ, ਫੋਟੋ ਵਾਲੀ ਸ਼ਨਾਖ਼ਤ ਨਾਲ ਤਿਆਰ ਰਹੋ।
- ਤੁਹਾਨੂੰ ਭੇਜੇ ਗਏ ਕਿਸੇ ਵੀ ਬਿਨੈ-ਪੱਤਰ ਸਬੰਧੀ ਕਾਗਜ਼-ਪੱਤਰਾਂ ਨੂੰ ਉਪਲਬਧ ਰੱਖੋ ਅਤੇ ਜਾਂਚ ਕਰਤਾ ਵਾਸਤੇ ਤਿਆਰ ਰੱਖੋ ਜਦੋਂ ਤੱਕ ਕਿ ਤੁਹਾਡੇ ਏਜੰਟ ਦੁਆਰਾ ਇਸਤੋਂ ਉਲਟ ਹਦਾਇਤ ਨਾ ਕੀਤੀ ਗਈ ਹੋਵੇ।
- ਨਮੂਨਾ ਦਿੰਦਿਆਂ, ਸਬੰਧਿਤ ਸਮਸਿਆਵਾਂ ਦੇ ਕਿਸੇ ਪਿਛੋਕੜ ਬਾਰੇ ਦੱਸੋ।
- ਮੁਆਇਨੇ ਤੋਂ 12 ਘੰਟੇ ਪਹਿਲਾਂ, ਥਕਾਉਣ ਵਾਲੀ ਕਸਰਤ ਤੋਂ ਬਚੋ।
- ਮੁਆਇਨੇ ਤੋਂ 24 ਘੰਟੇ ਪਹਿਲਾਂ, ਲੂਣ ਅਤੇ ਬਹੁਤ ਜ਼ਿਆਦਾ ਚਿਕਨਾਈ ਵਾਲੇ ਭੋਜਨ ਘੱਟ ਖਾਓ।
- ਮੁਆਇਨੇ ਤੋਂ ਘੱਟੋ-ਘੱਟ 12 ਘੰਟੇ ਪਹਿਲਾਂ, ਅਲਕੋਹਲ ਵਾਲੇ ਪੀਣ ਦੇ ਪਦਾਰਥਾਂ ਤੋਂ ਪਰਹੇਜ਼ ਕਰੋ।
- ਮੁਆਇਨੇ ਤੋਂ ਇੱਕ ਘੰਟਾ ਪਹਿਲਾਂ ਕੈਫ਼ੀਨ ਅਤੇ ਨਿਕੋਟਿਨ ਲੈਣਾ ਘੱਟ ਕਰੋ।
- ਮੁਆਇਨੇ ਤੋਂ 1 ਘੰਟਾ ਪਹਿਲਾਂ, ਇੱਕ ਗਲਿਾਸ ਪਾਣੀ ਪੀਓ।

ਜੇ ਕੋਈ ਹੋਰ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ, ਤਾਂ ਕਿਰਪਾ ਕਰਕੇ ਤੁਰੰਤ ExamOne ਗੁਣਵੱਤਾ ਭਰੋਸਾ ਲਈ 1-800-873-8845 ਐਕਸਟੈਂਸ਼ਨ 1303 'ਤੇ ਫ਼ੋਨ ਕਰੋ। ਕੈਨੇਡਾ : 1-800-952-2350

---

ਮੁਲਾਕਾਤ ਦਾ ਸਮਾਂ ਤੈਅ ਕੀਤਾ ਗਿਆ ਹੈ:

ਤਾਰੀਖ਼ ______________________ ਥਾਵਾਂ ______________________

ਸਮਾਂ ______________________ ExamOne ਟੈਲੀਫ਼ੋਨ ਨੰਬਰ ______________________

ExamOne.com

Quest, Quest Diagnostics, ExamOne, any associated logos and all associated Quest Diagnostics registered and unregistered trademarks are the property of Quest Diagnostics.
All third party marks – ® and ™ – are the property of their respective owners. © 2011 Quest Diagnostics Incorporated. All rights reserved.